## ਗੁਰੂ ਨਾਨਕ – ਸਬਦ ੬੩
### ਭਰਮੇ ਭਾਹਿ ਨ ਵਿਝਵੈ ਜੇ ਭਵੈ ਦਿਸੰਤਰ ਦੇਸੁ ॥
### ਰਾਗੁ ਸਿਰੀਰਾਗੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੨੨

ਭਰਮੇ ਭਾਹਿ ਨ ਵਿਝਵੈ ਜੇ ਭਵੈ ਦਿਸੰਤਰ ਦੇਸੁ ॥
ਅੰਤਰਿ ਮੈਲੁ ਨ ਉਤਰੈ ਧ੍ਰਿਗੁ ਜੀਵਣੁ ਧ੍ਰਿਗੁ ਵੇਸੁ ॥
ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ ॥੧॥
ਮਨ ਰੇ ਗੁਰਮੁਖਿ ਅਗਨਿ ਨਿਵਾਰਿ ॥
ਗੁਰ ਕਾ ਕਹਿਆ ਮਨਿ ਵਸੈ ਹਉਮੈ ਤ੍ਰਿਸਨਾ ਮਾਰਿ ॥੧॥ ਰਹਾਉ ॥
ਮਨੁ ਮਾਣਕੁ ਨਿਰਮੋਲੁ ਹੈ ਰਾਮ ਨਾਮਿ ਪਤਿ ਪਾਇ ॥
ਮਿਲਿ ਸਤਸੰਗਤਿ ਹਰਿ ਪਾਈਐ ਗੁਰਮੁਖਿ ਹਰਿ ਲਿਵ ਲਾਇ ॥
ਆਪੁ ਗਇਆ ਸੁਖੁ ਪਾਇਆ ਮਿਲਿ ਸਲਲੈ ਸਲਲ ਸਮਾਇ ॥੨॥
ਜਿਨਿ ਹਰਿ ਹਰਿ ਨਾਮੁ ਨ ਚੇਤਿਓ ਸੁ ਅਉਗੁਣਿ ਆਵੈ ਜਾਇ ॥
ਜਿਸੁ ਸਤਗੁਰੁ ਪੁਰਖੁ ਨ ਭੇਟਿਓ ਸੁ ਭਉਜਲਿ ਪਚੈ ਪਚਾਇ ॥
ਇਹੁ ਮਾਣਕੁ ਜੀਉ ਨਿਰਮੋਲੁ ਹੈ ਇਉ ਕਉਡੀ ਬਦਲੈ ਜਾਇ ॥੩॥
ਜਿੰਨਾ ਸਤਗੁਰੁ ਰਸਿ ਮਿਲੈ ਸੇ ਪੂਰੇ ਪੁਰਖ ਸੁਜਾਣ ॥
ਗੁਰ ਮਿਲਿ ਭਉਜਲੁ ਲੰਘੀਐ ਦਰਗਹ ਪਤਿ ਪਰਵਾਣੁ ॥
ਨਾਨਕ ਤੇ ਮੁਖ ਉਜਲੇ ਧੁਨਿ ਉਪਜੈ ਸਬਦੁ ਨੀਸਾਣੁ ॥੪॥੨੨॥

ਸਾਰ: ਸ਼ੰਕਾ ਅਤੇ ਸੰਦੇਹਵਾਦ ਵਿਚਾਰਾਂ ਦੀ ਸਚਾਈ ਬਾਰੇ ਅਸਥਿਰਤਾ ਨੂੰ ਦਰਸਾਉਂਦੇ ਹਨ ਅਤੇ ਮਨੁੱਖੀ ਅਨੁਭਵ ਦਾ ਇੱਕ ਕੁਦਰਤੀ ਹਿੱਸਾ ਹਨ। ਸੰਦੇਹ ਕਿਆਸ ਕਰਨ ਦੀ ਪ੍ਰਵਿਰਤੀ ਨੂੰ ਚੁਣੌਤੀ ਦਿੰਦਾ ਹੈ, ਜਦੋਂ ਕਿ ਸ਼ੰਕਾਂ ਸਵਾਲਾਂ ਕਰਨ ਦੀ ਚੇਸ਼ਟਾ ਨੂੰ ਉਤਸ਼ਾਹਿਤ ਕਰਦਾ ਹੈ। ਪਰ ਸ਼ੰਕਾਂਵਾਂ ਅਤੇ ਸੰਦੇਹ ਵਿਚਲੀ ਉਲਝਣ ਉਦਾਸੀਨਤਾ ਅਤੇ ਉਪਰਾਮਤਾ ਵੱਲ ਲੈ ਜਾ ਸਕਦੀ ਹੈ, ਜੋ ਨਵੀਂ ਜਾਣਕਾਰੀ ਸਵੀਕਾਰ ਕਰਨ, ਵਿਚਾਰਾਂ ਨੂੰ ਬਦਲਣ ਦੀ ਇੱਛਾ, ਫੈਸਲਾਕੁੰਨ ਕਾਰਵਾਈ ਕਰਨ ਦੀ ਯੋਗਤਾ ਅਤੇ ਅਰਥਪੂਰਨ ਸਬੰਧ ਬਣਾਉਣ ਵਿਚ ਰੁਕਾਵਟ ਪਾ ਸਕਦੀ ਹੈ। ਇਸ ਲਈ, ਆਪਣੀ ਹਉਮੈ ਨੂੰ ਪਾਸੇ ਰੱਖ, ਅਨੁਭਵੀ ਬਿਬੇਕ

ਪ੍ਰਾਪਤ ਕਰਨ ਦੇ ਇਰਾਦੇ ਨਾਲ ਸੰਦੇਹ ਅਤੇ ਸ਼ੰਕਿਆਂ ਦੀ ਵਰਤੋਂ ਕਰਨਾ ਜ਼ਰੂਰੀ ਹੈ। ਇਹ ਪਹੁੰਚ ਨਿੱਜੀ ਵਿਕਾਸ ਜਾਂ ਸੰਬੰਧ ਨੂੰ ਰੋਕੇ ਬਿਨਾਂ ਆਲੋਚਨਾਤਮਕ ਪੜਤਾਲ ਨੂੰ ਉਤਸ਼ਾਹਿਤ ਕਰਦੀ ਹੈ।

ਭਰਮੇ ਭਾਹਿ ਨ ਵਿਝਵੈ ਜੇ ਭਵੈ ਦਿਸੰਤਰ ਦੇਸੁ ॥

ਸ਼ੰਕਿਆਂ ਦੀ ਅੱਗ ਦੂਰ-ਦੁਰਾਡੇ ਦੇਸ਼ਾਂ ਦੀ ਯਾਤਰਾ ਕਰਨ 'ਤੇ ਵੀ ਨਹੀਂ ਬੁਝਦੀ।

ਅੰਤਰਿ ਮੈਲੁ ਨ ਉਤਰੈ ਧ੍ਰਿਗੁ ਜੀਵਣੁ ਧ੍ਰਿਗੁ ਵੇਸੁ ॥

ਜਦੋਂ ਤੱਕ ਅੰਦਰ ਵੱਸਦੀ ਹਉਮੈਂ ਦੀ ਗੰਦਗੀ ਨਹੀਂ ਉਤਰ ਜਾਂਦੀ, ਸਾਡੇ ਦੁਆਰਾ ਕਿਸੇ ਵੀ ਤਰ੍ਹਾਂ ਦਾ ਜੀਆ ਜੀਵਨ ਭਾਵੇਂ ਉਹ ਧਾਰਮਿਕ ਪਹਿਰਾਵੇ ਵਾਲਾ ਹੋਵੇ, ਕੋਈ ਅਸਲ ਕੀਮਤ ਨਹੀਂ ਰੱਖਦਾ।

ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ ॥੧॥

ਕੋਈ ਹੋਰ ਰਸਤਾ ਸੱਚੀ ਭਗਤੀ ਵੱਲ ਨਹੀਂ ਜਾਂਦਾ ਸਿਵਾਏ ਉਸ ਬਿਬੇਕ ਦੇ ਜੋ ਸਾਨੂੰ ਜਾਗਰੂਕ ਕਰਦਾ ਹੈ ਅਤੇ ਅਗਿਆਨਤਾ ਨੂੰ ਜਾਗਰੂਕ ਗਿਆਨ ਵਿਚ ਰੁਪਾਂਤ੍ਰਿਤ ਕਰ ਦਿੰਦਾ ਹੈ। (੧)

ਮਨ ਰੇ ਗੁਰਮੁਖਿ ਅਗਨਿ ਨਿਵਾਰਿ ॥

ਹੇ ਮਨ, ਉਸ ਬਿਬੇਕ ਦਾ ਖੋਜੀ ਬਣ ਜੋ ਨਕਾਰਾਤਮਕ ਵਿਚਾਰਾਂ ਦੀ ਅੱਗ ਨੂੰ ਬੁਝਾ ਦੇਵੇ।

ਗੁਰ ਕਾ ਕਹਿਆ ਮਨਿ ਵਸੈ ਹਉਮੈ ਤ੍ਰਿਸਨਾ ਮਾਰਿ ॥੧॥ ਰਹਾਉ ॥

ਜਦੋਂ ਗਿਆਨ ਰਾਹੀਂ ਪ੍ਰਾਪਤ ਕੀਤੀਆਂ ਸੂਝ ਨੂੰ ਮਨ ਸਮਝਦਾ ਅਤੇ ਗ੍ਰਹਿਣ ਕਰਦਾ ਹੈ, ਤਾਂ ਇਹ ਹਉਮੈ ਅਤੇ ਨਿਰੰਤਰ ਲਾਲਸਾਵਾਂ ਨੂੰ ਖਤਮ ਕਰ ਦਿੰਦਾ ਹੈ। (੧)(ਠਹਿਰਾਉ)

ਮਨੁ ਮਾਣਕੁ ਨਿਰਮੋਲੁ ਹੈ ਰਾਮ ਨਾਮਿ ਪਤਿ ਪਾਇ ॥

ਮਨ ਇਕ ਅਨਮੋਲ ਰਤਨ ਵਾਂਗ ਹੁੰਦਾ ਹੈ, ਸ੍ਰਿਸ਼ਟੀ ਵਿਚਲੀ ਏਕਤਾ ਨੂੰ ਪਛਾਣਨ ਨਾਲ ਇਸਦੀ ਕੀਮਤ ਅਤੇ ਭਰੋਸੇਯੋਗਤਾ ਵਧਦੀ ਹੈ, ਬਿਲਕੁਲ ਉਸੇ ਤਰ੍ਹਾਂ ਜਿਵੇਂ ਇਕ ਰਤਨ ਦੀ ਚਮਕ ਅਤੇ ਕੀਮਤ ਨੂੰ ਪ੍ਰਗਟ ਕਰਨ ਲਈ ਉਸਨੂੰ ਤਰਾਸ਼ਿਆ ਜਾਂਦਾ ਹੈ।

ਮਿਲਿ ਸਤਸੰਗਤਿ ਹਰਿ ਪਾਈਐ ਗੁਰਮੁਖਿ ਹਰਿ ਲਿਵ ਲਾਇ ॥

ਦੈਵੀ ਸਤਾ ਦੇ ਸਚੇ ਖੋਜੀਆਂ ਦੀ ਸੰਗਤ ਵਿਚ, ਏਕਤਾ ਦੇ ਤੱਤਸਾਰ ਦਾ ਅਨੁਭਵ ਹੁੰਦਾ ਹੈ। ਜਿਹੜੇ ਅਗਿਆਨਤਾ ਨੂੰ ਜਾਗਰੂਕਤਾ ਵਿਚ ਬਦਲਣ ਵਾਲੇ ਗਿਆਨ ਦੀ ਭਾਲ ਕਰਦੇ ਹਨ, ਉਹ ਆਪਣੀ ਚੇਤਨਾ ਨੂੰ ਸ੍ਰਿਸ਼ਟੀ ਦੀ ਏਕਤਾ ਨਾਲ ਇਕਸੁਰ ਕਰਦੇ ਹਨ।

ਆਪੁ ਗਇਆ ਸੁਖੁ ਪਾਇਆ ਮਿਲਿ ਸਲਲੈ ਸਲਲ ਸਮਾਇ ॥੨॥

ਜਦੋਂ ਖੁਦ ਪ੍ਰਤੀ ਭਰਮ ਭੰਗ ਹੋ ਜਾਂਦਾ ਹੈ, ਤਾਂ ਬਿਨਾਂ ਕਿਸੇ ਮੁਸ਼ਕਤ ਸ਼ਾਂਤੀ ਦਾ ਉੱਭਾਰ ਹੁੰਦਾ ਹੈ, ਜਿਵੇਂ ਬਿਨਾਂ ਕਿਸੇ ਮੁਸ਼ਕਲ ਪਾਣੀ-ਪਾਣੀ ਵਿਚ ਮਿਲ ਜਾਂਦਾ ਹੈ। (੨)

ਜਿਨਿ ਹਰਿ ਹਰਿ ਨਾਮੁ ਨ ਚੇਤਿਓ ਸੁ ਅਉਗੁਣਿ ਆਵੈ ਜਾਇ ॥

ਜਿਹੜੇ ਸ੍ਰਿਸ਼ਟੀ ਦੀ ਏਕਤਾ ਨੂੰ ਯਾਦ ਰੱਖਣ ਅਤੇ ਵਿਚਾਰਨ ਵਿਚ ਅਸਫਲ ਰਹਿੰਦੇ ਹਨ, ਉਹ ਅਸੁਰੱਖਿਅਤ ਹੋ ਜਾਂਦੇ ਹਨ, ਅਤੇ ਵਿਕਾਸ ਅਤੇ ਵਿਨਾਸ਼ ਦੇ ਸਦੀਵੀ ਚੱਕਰ ਵਿੱਚ ਫਸ ਜਾਂਦੇ ਹਨ।

ਜਿਸੁ ਸਤਗੁਰੁ ਪੁਰਖੁ ਨ ਭੇਟਿਓ ਸੁ ਭਉਜਲਿ ਪਚੈ ਪਚਾਇ ॥

ਜਿਹੜੇ ਮੂਲ-ਤੱਤ ਸਮੁਚੀ ਸ੍ਰਿਸ਼ਟੀ ਦੇ ਤਤਸਾਰ ਦੇ ਸਚੇ ਗਿਆਨ ਤੋਂ ਟੁਟੇ ਹੋਏ ਹਨ, ਸੰਸਾਰ ਨੂੰ ਇੱਕ ਭਿਆਨਕ ਸਮੁੰਦਰ ਵਜੋਂ ਦੇਖਦੇ ਹਨ , ਉਹ ਡਰ ਅਤੇ ਦੁੱਖ ਵਿੱਚ ਫਸੇ ਰਹਿੰਦੇ ਹਨ ।

ਇਹੁ ਮਾਣਕੁ ਜੀਉ ਨਿਰਮੋਲੁ ਹੈ ਇਉ ਕਉਡੀ ਬਦਲੈ ਜਾਇ ॥੩॥

ਇਹ ਕੀਮਤੀ ਹੋਂਦ ਇਕ ਦੁਰਲੱਭ ਹੀਰੇ ਵਾਂਗ ਹੈ। ਪਰ ਇਸਦੇ ਤਤਸਾਰ 'ਤੇ ਵਿਚਾਰ ਕੀਤੇ ਬਿਨਾਂ, ਇਹ ਰੱਦ ਕੀਤੇ ਅਤੇ ਮੁਲ ਗਵਾ ਚੁਕੇ ਹੋਏ ਖੋਲ ਵਾਂਗ ਮਾਮੂਲੀ ਹੋ ਜਾਂਦੀ ਹੈ। (੩)

ਜਿੰਨਾ ਸਤਗੁਰੁ ਰਸਿ ਮਿਲੈ ਸੇ ਪੂਰੇ ਪੁਰਖ ਸੁਜਾਣ ॥

ਉਹ ਵਿਅਕਤੀ ਜੋ ਬਿਬੇਕ ਦੇ ਅਸਲ ਤੱਤ ਨੂੰ ਸਮਝਦੇ ਹਨ, ਉਹ ਸੰਤੋਖੀ, ਜਾਗਰੂਕ ਅਤੇ ਬੁੱਧੀਮਾਨ ਹੁੰਦੇ ਹਨ।

ਗੁਰ ਮਿਲਿ ਭਉਜਲੁ ਲੰਘੀਐ ਦਰਗਹ ਪਤਿ ਪਰਵਾਣੁ ॥

ਜਦੋਂ ਗਿਆਨ ਦਾ ਤੱਤਸਾਰ ਪ੍ਰਾਪਤ ਹੋ ਜਾਂਦਾ ਹੈ, ਤਾਂ ਭਰਮਮਈ ਸੰਸਾਰਕ ਸਮੁੰਦਰ ਨੂੰ ਜਾਗਰੂਕਤਾ ਨਾਲ ਪਾਰ ਕੀਤਾ ਜਾ ਸਕਦਾ ਹੈ, ਜਿਸ ਨਾਲ ਉਹ ਚੇਤਨਾ ਪ੍ਰਾਪਤ ਹੁੰਦੀ ਹੈ ਜੋ ਸਤਿਕਾਰ ਅਤੇ ਸਵੀਕ੍ਰਿਤੀ ਦੇ ਯੋਗ ਹੈ।

ਨਾਨਕ ਤੇ ਮੁਖ ਉਜਲੇ ਧੁਨਿ ਉਪਜੈ ਸਬਦੁ ਨੀਸਾਣੁ ॥੪॥੨੨॥

ਨਾਨਕ ਕਹਿੰਦੇ ਹਨ ਕਿ ਜਿਹੜੇ ਦੈਵੀ ਗਿਆਨ ਨੂੰ ਧਾਰਨ ਕਰਦੇ ਹਨ, ਉਹ ਸਚ ਨਾਲ ਪ੍ਰਕਾਸ਼ਦੇ ਹਨ। ਉਹ ਆਪਣੇ ਅੰਦਰੋਂ ਸੂਝਮਈ ਸ਼ਬਦਾਂ ਦੀ ਸੁਰੀਲੀ ਸੁਰ ਪ੍ਰਗਟ ਕਰਦੇ ਹਨ, ਜਿਸਦਾ ਸਕਾਰਾਤਮਕ ਪ੍ਰਭਾਵ ਪੈਂਦਾ ਹੈ। (੪)(੨੨)

ਤੱਤ: ਗੁਰੂ ਨਾਨਕ ਸਮਝਾਉਂਦੇ ਹਨ ਕਿ ਬਿਬੇਕ ਸਿਰਫ਼ ਗਿਆਨ ਜਾਂ ਅਨੁਭਵ ਦਾ ਸੰਗ੍ਰਹਿ ਨਹੀਂ ਹੈ; ਬਲਕਿ ਇਹ ਤੱਤਸਾਰ ਸਮਝਣ ਵਿਚ ਹੈ ਕਿ ਚੰਗਾ ਜੀਵਨ ਕਿਸ ਤਰ੍ਹਾਂ ਜੀਵਿਆ ਜਾਵੇ। ਬਿਬੇਕ ਵਿਚ ਗਿਆਨ ਨੂੰ ਵਿਵਹਾਰਿਕ ਰੂਪ ਵਿਚ ਜੀਉਣਾ ਸ਼ਾਮਲ ਹੁੰਦਾ ਹੈ, ਜੋ ਇਸ ਤੱਥ 'ਤੇ ਜ਼ੋਰ ਦਿੰਦਾ ਹੈ ਕਿ ਅਸੀਂ ਜੋ ਜਾਣਦੇ ਹਾਂ ਉਸ ਗਿਆਨ ਦੀ ਵਰਤੋਂ ਕਿਵੇਂ ਕਰਦੇ ਹਾਂ। ਇਸ ਵਿਚਾਰ ਦਾ ਸਾਰਥਕ ਪ੍ਰਭਾਵ ਖੁਦ ਅਤੇ ਦੂਜਿਆਂ ਤੋਂ ਸਤਿਕਾਰ ਅਤੇ ਪ੍ਰਵਾਨਗੀ ਪ੍ਰਾਪਤ ਕਰਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**